# ਧੂੰਆਂ ਮੁਕਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਨਿਵਾਸੀ ਸੰਭਾਲ ਸੁਵਿਧਾਵਾਂ ਨੂੰ

### ਮੂਲ ਆਧਾਰ

- ਧੂੰਆਂ ਮੁਕਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਨਿਵਾਸੀ ਸੰਭਾਲ ਸੁਵਿਧਾਵਾਂ, ਨਿਰਧਾਰਿਤ ਭੂਤਪੂਰਵ ਸੈਨਿਕ ਸੁਵਿਧਾਵਾਂ ਅਤੇ ਮਨੋਰੋਗ ਸੁਵਿਧਾਵਾਂ

ਜਦ ਕਿ ਸਾਰੀਆਂ ਜਨਤੱਕ ਅਤੇ ਕੰਮ ਦਿਆਂ ਥਾਵਾਂ 'ਤੇ ਸਿਗਰੇਟ ਪੀਣ ਦੀ ਪਾਬੰਧੀ ਹੈ, ਵਿਸ਼ੇਸ਼ ਰੂਪ ਵਿੱਚ ਨਿਰਧਾਰਿਤ ਸੁਵਿਧਾਵਾਂ ਦੇ ਸੰਚਾਲਕ ਇੱਕ ਨਿਯੰਤਰਿਤ ਸਿਗਰੇਟ ਪੀਣ ਲਈ ਇਲਾਕਾ ਖੋਲ ਅਤੇ ਸੰਚਾਲਿਤ ਕਰ ਸਕਦੇ ਹਨ ਤਾਕਿ ਨਿਵਾਸੀ ਸਿਗਰੇਟ ਪੀ ਸਕਣ।

ਇਹ ਵਿਸ਼ੇਸ਼ ਰੂਪ ਵਿੱਚ ਨਿਰਧਾਰਿਤ ਸੁਵਿਧਾਵਾਂ ਹਨ ਲੰਬੇ ਅੰਤਰਾਲ ਲਈ ਸੰਭਾਲ(LTC) ਘਰ, ਜਿਨ੍ਹਾਂ ਦੀ ਪਰਿਭਾਸ਼ਾ ਵਿਧਾਨਸਭਾ ਵੱਲੋਂ ਪਾਰਿਤ ਕਨੂੰਨ ਵਿੱਚ ਦਿੱਤੀ ਗਈ ਹੈ ਅਤੇ/ਜਾਂ ਨਿਵਾਸੀ ਸੰਭਾਲ ਸੁਵਿਧਾਵਾਂ ਜੋ ਸੇਵਾਨਿਵਰਿਤ ਘਰਾਂ ਜਾਂ ਸਹਿਯੋਗੀ ਸ਼ਰਣ ਨਿਵਾਸਾਂ ਵਜੋਂ ਚਲਾਏ ਜਾਂਦੇ ਅਤੇ ਸੇਹਤ ਅਤੇ ਲੰਬੇ ਅੰਤਰਾਲ ਦੀ ਸੰਭਾਲ ਦੇ ਮੰਤਰਾਲੇ ਜਾਂ ਸਮਾਜ ਅਤੇ ਸਮਾਜ ਸੇਵਾ ਮੰਤਰਾਲੇ ਵੱਲੋਂ ਨਿਯੰਤਰਿਤ ਅਤੇ ਧੰਨ ਪ੍ਰਾਪਤ ਕਰਦੇ ਹਨ। ਇਸ ਵਿੱਚ *ਮਾਨਸਿਕ ਸੇਹਤ ਕਨੂੰਨ* ਵੱਲੋਂ ਨਿਯੁਕਤ ਮਨੋਰੋਗ ਸੁਵਿਧਾਵਾਂ ਅਤੇ SFOA ਨਿਯਮ ਅਧੀਨ ਨਾਮਾਂਕਿਤ ਭੂਤਪੂਰਵ ਸੈਨਿਕ ਸੁਵਿਧਾਵਾਂ ਵੀ ਸ਼ਾਮਲ ਹਨ।

### ਸੰਚਾਲਕਾਂ ਦੀਆਂ ਜਿੰਮੇਵਾਰੀਆਂ

ਸਿਗਰੇਟ ਪੀਣ ਲਈ ਨਿਰਧਾਰਿਤ ਕਮਰੇ (DSRs), ਜਿਨ੍ਹਾਂ ਦੀ ਸਥਾਨਕ ਨਗਰ ਪਾਲਿਕਾ ਕਨੂੰਨਾਂ ਅਧੀਨ ਕਈ ਵਾਰੀ ਆਗਿਆ ਦਿੱਤੀ ਜਾਂਦੀ ਸੀ, ਹੁਣ ਉਹਨਾਂ 'ਤੇ ਪਾਬੰਧੀ ਹੈ। ਫਿਰ ਵੀ ਨਿਯੁਕਤ ਘਰਾਂ ਦੇ ਸੰਚਾਲਕ ਜੇ ਚਾਹੁਣ ਤਾਂ ਇੱਕ ਨਿਯੰਤਰਿਤ ਸਿਗਰੇਟ ਪੀਣ ਲਈ ਇਲਾਕਾ ਬਨਵਾ ਅਤੇ ਸੰਚਾਲਤ ਕਰ ਸਕਦੇ ਹਨ। ਨਿਯੰਤਰਿਤ ਸਿਗਰੇਟ ਪੀਣ ਲਈ ਇਲਾਕਿਆਂ ਦੀਆਂ ਵਿਸ਼ੇਸ਼ ਸ਼ਰਤਾਂ ਹੁੰਦੀਆਂ ਹਨ। ਇਹ ਸ਼ਰਤਾਂ ਨਿਯਮ ਦੇ ਭਾਗ 18 ਵਿੱਚ ਅਤੇ ਨਾਲ ਲਗਾਈ ਸੂਚੀ 1 ਅਤੇ 2 ਵਿੱਚ ਮਿਲ ਜਾਣਗੀਆਂ:(www.elaws.gov.on.ca/DBLaws/Regs/English/060048_e.htm). ਨਿਯੰਤਰਿਤ ਸਿਗਰੇਟ ਪੀਣ ਲਈ ਇਲਾਕਿਆਂ ਦੀ ਉਸਾਰੀ ਅਤੇ ਦੇਖਭਾਲ ਦੀਆਂ ਸ਼ਰਤਾਂ 31 ਦਿਸੰਬਰ 2006 ਤੱਕ ਲਾਗੂ ਨਹੀਂ ਹੋਣਗੀਆਂ ਜੇਕਰ ਇਸ ਪ੍ਰਸਤਾਵ ਦਾ ਮਾਲਕ 30 ਜੂਨ 2006 ਤੱਕ ਯੋਜ਼ਨਾ ਜਮਾ ਕਰਵਾ ਦਿੰਦਾ ਹੈ ਜੋ ਇਹ ਦੱਸਦੀ ਹੋਵੇ ਕਿ ਮਾਲਕ ਉਹ ਜ਼ਰੂਰਤਾਂ 31 ਦਿਸੰਬਰ 2006 ਤੱਕ ਪੂਰੀਆਂ ਕਰ ਲਵੇਗਾ/ਲਵੇਗੀ।

### ਮਾਲਕਾਂ ਦੀਆਂ ਜਿੰਮੇਵਾਰੀਆਂ

ਹਰ ਮਾਲਕ ਨੂੰ ਚਾਹੀਦਾ ਹੈ:

- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਕਰਮਚਾਰੀਆਂ, ਵਸਨੀਕਾਂ ਅਤੇ ਮਿਲਨ ਆਉਣ ਵਾਲਿਆਂ ਨੂੰ ਪਤਾ ਹੋਵੇ ਕਿ ਸਿਗਰੇਟ ਪੀਣਾ ਮਨਾ ਹੈ।
- ਐਸ਼ਟਰੇ ਅਤੇ ਹੋਰ ਚੀਜਾਂ ਜੋ ਐਸ਼ਟਰੇ ਦਾ ਕੰਮ ਕਰਦੀਆਂ ਹਨ ਹਟਾ ਦੇਣ।

- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਕਰਮਚਾਰੀ, ਵਸਨੀਕ ਅਤੇ ਮਿਲਨ ਆਉਣ ਵਾਲੇ ਲੋਗ ਬੰਦ ਕੰਮ ਦੀਆਂ ਥਾਵਾਂ 'ਤੇ ਸਿਗਰੇਟ ਨਾ ਪੀਣ।
- ਜੇਕਰ ਨਿਯੰਤਰਿਤ ਸਿਗਰੇਟ ਪੀਣ ਲਈ ਇਲਾਕਾ ਉਪਲਭਧ ਕਰਵਾ ਰਹੇ ਹੋ ਤਾਂ ਮਾਲਕ ਨੂੰ ਚਾਹੀਦਾ ਹੈ ਕਿ ਉਹ ਕਨੂੰਨ ਅਤੇ ਨਿਯਮ ਦੀ ਪੂਰੀ ਤਰਾਂ ਪਾਲਣਾ ਕਰੇ, ਜਿਨ੍ਹਾਂ ਵਿੱਚ ਸ਼ਾਮਲ ਹੈ ਨਿਯੰਤਰਿਤ ਸਿਗਰੇਟ ਪੀਣ ਲਈ ਇਲਾਕੇ ਦੇ ਹਰ ਪ੍ਰਵੇਸ਼ ਦਵਾਰ ਉੱਤੇ ਹੇਠ ਲਿਖੇ ਜ਼ਰੂਰੀ ਨਿਸ਼ਾਨ ਲਗਵਾਉਣਾ:
    - o ਇੱਕ ਨਿਸ਼ਾਨ ਜਿਸ ਉੱਤੇ ਲਿਖਿਆ ਹੋਵੇ " ਤੁਹਾਨੂੰ ਸਿਗਰੇਟ ਪੀਣ ਲਈ ਇੱਥੇ ਹੀ ਰਹਿਣਾ ਪਵੇਗਾ. ਅਤੇ ਦੂਜੇ ਹੱਥ ਦੇ ਧੂੰਏਂ ਦੇ ਖਤਰਨਾਕ ਅਸਰ ਹੋਣ ਕਰ ਕੇ ਕਰਮਚਾਰੀਆਂ ਨੂੰ ਅੰਦਰ ਨਹੀਂ ਆਉਣਾ ਚਾਹੀਦਾ"।
    - o ਇੱਕ ਨਿਸ਼ਾਨ ਜਿਸ ਉੱਤੇ ਨਿਯੰਤਰਿਤ ਸਿਗਰੇਟ ਪੀਣ ਦੇ ਇਲਾਕੇ ਦੀ ਵੱਧ ਤੋਂ ਵੱਧ ਪਰਵਾਨ ਸੰਖਿਆ ਲਿਖੀ ਹੋਵੇ।
- *ਧੂਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਗੁਸਲਖਾਨਿਆਂ ਅਤੇ ਹੋਰ ਸਹੀ ਜਗਾਹਾਂ ਉੱਤੇ ਲਗਾਉਣੇ ਚਾਹੀਦੇ ਹਨ। ਨਿਸ਼ਾਨ ਲੈਣ ਲਈ ਜਾਣਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

## ਨਿਯੰਤਰਿਤ ਸਿਗਰੇਟ ਪੀਣ ਲਈ ਇਲਾਕਾ

- ਨਿਯੰਤਰਿਤ ਸਿਗਰੇਟ ਪੀਣ ਲਈ ਇਲਾਕੇ ਵਜੋਂ ਯੋਗ ਹੋਣ ਲਈ ਕਮਰਾ ਕਨੂੰਨ ਅਤੇ ਨਿਯਮ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ, ਜਿਸ ਵਿੱਚ ਸ਼ਾਮਲ ਹੈ ਹਵਾ ਪ੍ਰਣਾਲੀ ਅਤੇ ਨਿਯਮ ਦੇ ਅਨੁਸਾਰ ਨਿਸ਼ਾਨ (ਕਿਰਪਾ ਕਰ ਕੇ ਉੱਪਰ ਦੇਖੋ)
- ਕਮਰੇ ਵਿੱਚ ਕੇਵਲ ਵਸਨੀਕ ਹੀ ਸਿਗਰੇਟ ਪੀ ਸਕਦੇ ਹਨ (ਮਹਿਮਾਨ ਨਿਵਾਸੀਆਂ ਦੇ ਨਾਲ ਰਹਿ ਸਕਦੇ ਹਨ ਪਰ ਉਹਨਾਂ ਨੂੰ ਕਮਰੇ ਵਿੱਚ ਸਿਗਰੇਟ ਪੀਣ ਦਿ ਆਗਿਆ ਨਹੀਂ ਹੈ।)
- ਜੋ ਵਸਨੀਕ ਸਿਗਰੇਟ ਪੀਣਾ ਚਾਹੁੰਦੇ ਹਨ, ਸੰਚਾਲਕ ਦੇ ਵਿਚਾਰ ਅਨੁਸਾਰ, ਉਹ ਅਪਣੇ ਆਪ ਸਿਗਰੇਟ ਪੀਣ ਦੇ ਕਾਬਲ ਹੋਣ, ਕਰਮਚਾਰੀ ਦੀ ਸਹਾਇਤਾ ਤੋਂ ਬਿਨਾ।
- ਕਰਮਚਾਰੀਆਂ ਨੂੰ ਨਿਯੰਤਰਿਤ ਸਿਗਰੇਟ ਪੀਣ ਦੇ ਇਲਾਕੇ ਵਿੱਚ ਨਹੀਂ ਜਾਣਾ ਚਾਹੀਦਾ।

## ਸਿਗਰੇਟ ਪੀਣ ਲਈ ਸ਼ੈਲਟਰ

ਇੱਕ ਸੰਚਾਲਕ ਜੇ ਚਾਹੇ ਤਾਂ ਨਿਵਾਸੀਆਂ ਅਤੇ ਕਰਮਚਾਰੀਆਂ ਨੂੰ ਸਮਾਯੋਜਿਤ ਕਰਣ ਲਈ ਬਾਹਰਵਾਰ ਇੱਕ ਸ਼ੈਲਟਰ ਉਪਲਭਧ ਕਰਵਾ ਸਕਦਾ ਹੈ। ਜੋ ਸੰਚਾਲਕ ਬਾਹਰਵਾਰ ਸਿਗਰੇਟ ਪੀਣ ਦਾ ਸ਼ੈਲਟਰ ਉਪਲਭਧ ਕਰਵਾਉਂਦਾ ਹੈ ਇਹ ਯਕੀਨੀ ਬਨਾਏ ਕਿ ਢਾਂਚਾ ਦੋ ਕੰਧਾਂ ਅਤੇ ਇੱਕ ਛੱਤ ਤੋਂ ਜਿਆਦਾ ਦਾ ਨਾ ਬਣਿਆ ਹੋਵੇ।

### ਪਾਲਣਾ

ਸਥਾਨੀਕ ਜਨਤੱਕ ਸੇਹਤ ਇਕਾਈਆਂ ਕਨੂੰਨ ਦੀ ਪਾਲਣਾ ਕਰਵਾਉਣ ਲਈ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

## ਜੁਰਮਾਨੇ

ਕਨੂੰਨ ਦੇ ਇਸ ਭਾਗ ਦੀ ਉਲੰਘਨਾਂ ਕੋਈ ਵੱਧ ਤੋਂ ਵੱਧ ਕਾਰਪੋਰੇਟ ਜੁਰਮਾਨਾ ਨਹੀਂ ਲਿਖਿਆ ਗਿਆ ਹੈ, ਇਸ ਦਾ ਮਤਲਬ ਹੈ ਕਿ ਜੁਰਮਾਨੇ ਦੀ ਰਕਮ ਨਿਆਂ ਅਦਾਲਤ 'ਤੇ ਨਿਰਭਰ ਕਰੇਗੀ। ਇੱਕ ਵਿਅਕਤੀ ਨੂੰ ਵੱਧ ਤੋਂ ਵੱਧ $5,000 ਦਾ ਜ਼ੁਰਮਾਨਾ ਹੋ ਸਕਦਾ ਹੈ।

ਇਹ ਤੱਥ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006



Ontario